# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ - ਕਮ -
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਮੱਗਰਾ ਸਿੱਖਿਆ ਅਭਿਆਨ, ਪੰਜਾਬ।

ਈ-ਬਲਾਕ, ਪੰਜਵੀ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ(ਮੋਹਾਲੀ) ਪੰਜਾਬ।
ਈ-ਮੇਲ: - civilworkspunjab@punjabeducation.gov.in ਫੋਨ ਨੰ.: - 0172-5212346


**ਅਤਿ ਜ਼ਰੂਰੀ**

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ / ਐ.ਸਿੱ.)
ਪੰਜਾਬ।

2023153474 ਜੀ-2 6/12/2023 6/12/23

**ਮੀਮੋ ਨੰ.:** - ਸਮਗਰਾ/ਸਿਵਲ ਵਰਕਸ/156885/2023/322470
**ਮਿਤੀ:** - 05/12/2023

**ਵਿਸ਼ਾ:** - **ਸਾਲ 2023-24 ਦੇ ਸਲਾਨਾ ਯੋਜਨਾ ਤਹਿਤ ਸਮੱਗਰਾ ਸਿੱਖਿਆ ਅਧੀਨ ਲੜਕੀਆਂ ਦੇ ਟੁਆਇਲਟਜ਼ ਦੀ ਉਸਾਰੀ ਲਈ ਜਾਰੀ ਕੀਤੇ ਗਏ ਫੰਡਾਂ ਦੀ ਧੀਮੀ ਗਤੀ ਨਾਲ ਚੱਲ ਰਹੀ ਪ੍ਰਗਤੀ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਦੱਸਿਆ ਜਾਂਦਾ ਹੈ ਕਿ ਸਮੱਗਰਾ ਸਿੱਖਿਆ ਦੀ ਸਾਲ 2023-24 ਦੀ ਸਲਾਨਾ ਯੋਜਨਾ ਤਹਿਤ ਸਿਵਲ ਵਰਕਸ ਅਧੀਨ ਲੜਕੀਆਂ ਦੇ ਟੁਆਇਲਟਜ਼ ਦੀ ਉਸਾਰੀ ਕਰਨ ਲਈ ਨਾਨ-ਰੈਕਰਿੰਗ ਹੈਡ ਅਧੀਨ ਪ੍ਰਵਾਨ ਹੋਏ ਫੰਡਜ਼, ਦਫ਼ਤਰ ਦੀ ਵਿੱਤ ਸ਼ਾਖਾ ਵਲੋਂ ਆਪਣੇ ਪੱਤਰ ਨੰ: ਸਸਅ/ਵਿੱਤ/ 2023-24/2023314675 ਮਿਤੀ: 10/11/2023 ਰਾਹੀਂ ਆਪ ਨੂੰ ਭੇਜ ਦਿੱਤੇ ਗਏ ਸਨ ਜਿਸ ਦੀ ਸੂਚਨਾ ਇਸ ਸ਼ਾਖਾ ਦੇ ਪੱਤਰ ਨੰ: ਸਮਗਰਾ/ਸਿਵਲ ਵਰਕਸ/156885/2023/316014 ਮਿਤੀ: 14-11-2023 ਅਨੁਸਾਰ ਵੀ ਆਪ ਨੂੰ ਭੇਜ ਦਿੱਤੀ ਗਈ ਸੀ ਅਤੇ ਇਹ ਫੰਡਜ਼ ਸਕੂਲਾਂ ਨੂੰ PFMS ਰਾਹੀਂ ਤਬਦੀਲ ਹੋ ਗਏ ਹਨ।

2.0 ਉੱਕਤ ਭੇਜੀ ਗਈ ਰਾਸ਼ੀ ਸਬੰਧੀ ਡੀ.ਜੀ.ਐਸ.ਈ ਜੀ ਵਲੋਂ ਮੀਟਿੰਗ ਵਿਚ Review ਕੀਤਾ ਗਿਆ ਹੈ ਅਤੇ ਪ੍ਰਾਇਮਰੀ ਸਕੂਲਾਂ ਤੇ ਸੈਕੰਡਰੀ ਸਕੂਲਾਂ ਦਾ ਜ਼ਿਲ੍ਹਾਵਾਰ Consolidate Data ਤਿਆਰ ਕੀਤਾ ਗਿਆ ਹੈ ਜੋ ਕਿ ਆਪ ਜੀ ਦੇ ਵਾਚਣ ਹਿੱਤ ਇਸ ਪੱਤਰ ਨਾਲ ਨੱਥੀ ਹੈ। ਇਸ ਡਾਟੇ ਅਨੁਸਾਰ ਬਹੁਤੇ ਸਕੂਲਾਂ ਵਿਚ ਉੱਕਤ ਉਸਾਰੀ ਦਾ ਕੰਮ ਬੜੀ ਧੀਮੀ ਗਤੀ ਨਾਲ ਚੱਲ ਰਿਹਾ ਹੈ ਅਤੇ ਕਈ ਸਕੂਲਾਂ ਵਿਚ ਇਹ ਕੰਮ ਸ਼ੁਰੂ ਵੀ ਨਹੀਂ ਹੋਇਆ ਹੈ **ਜਿਸਦਾ ਡੀ.ਜੀ.ਐਸ.ਈ ਜੀ ਵਲੋਂ ਗੰਭੀਰ ਨੋਟਿਸ ਲਿਆ ਗਿਆ ਹੈ।**

3.0 ਇਸ ਡਾਟੇ ਨੂੰ Review ਕਰਨ ਉਪਰੰਤ ਇਹ ਧਿਆਨ ਵਿਚ ਆਇਆ ਹੈ ਕਿ **ਪ੍ਰਾਇਮਰੀ ਪੱਧਰ ਹੁਣ ਤੱਕ ਕੁੱਲ 819 ਸਕੂਲਾਂ ਨੂੰ ਉੱਕਤ ਉਸਾਰੀ ਦੀ ਰਾਸ਼ੀ ਪ੍ਰਾਪਤ ਹੋ ਗਈ ਹੈ ਅਤੇ ਕੇਵਲ 349 ਸਕੂਲਾਂ ਵਿਚ ਹੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ 470 ਸਕੂਲਾਂ ਦੇ ਉਸਾਰੀ ਕੰਮ ਅਜੇ ਸ਼ੁਰੂ ਨਹੀਂ ਹੋਇਆ ਹੈ। ਇਸੇ ਤਰਾਂ ਸੈਕੰਡਰੀ ਪੱਧਰ ਤੇ ਕੁੱਲ 454 ਸਕੂਲਾਂ ਨੂੰ ਉੱਕਤ ਉਸਾਰੀ ਦੀ**

## Status of Girls Toilets as on 05-12-2023 (Elementary)

| S.No. | District | No. of Schools (Grant received) | No. of Schools work started | No. of Schools pending |
|---|---|---|---|---|
| 1 | AMRITSAR | 88 | 66 | 22 |
| 2 | BARNALA | 35 | 3 | 32 |
| 3 | BATHINDA | 96 | 33 | 63 |
| 4 | FARIDKOT | 27 | 12 | 15 |
| 5 | FATEHGARH SAHIB | 15 | 1 | 14 |
| 6 | FAZILKA | 43 | 0 | 43 |
| 7 | FIROZPUR | 3 | 0 | 3 |
| 8 | GURDASPUR | 15 | 13 | 2 |
| 9 | HOSHIARPUR | 34 | 29 | 5 |
| 10 | JALANDHAR | 10 | 0 | 10 |
| 11 | KAPURTHALA | 14 | 13 | 1 |
| 12 | LUDHIANA | 47 | 19 | 28 |
| 13 | MALERKOTLA | 5 | 1 | 4 |
| 14 | MANSA | 30 | 2 | 28 |
| 15 | MOGA | 71 | 65 | 6 |
| 16 | MOHALI | 63 | 38 | 25 |
| 17 | MUKTSAR | 29 | 14 | 15 |
| 18 | NAWANSHAHR | 5 | 4 | 1 |
| 19 | PATHANKOT | 2 | 2 | 0 |
| 20 | PATIALA | 59 | 17 | 42 |
| 21 | RUPNAGAR | 9 | 2 | 7 |
| 22 | SANGRUR | 51 | 15 | 36 |
| 23 | TARAN TARAN | 68 | 0 | 68 |
| | **Grand Total** | **819** | **349** | **470** |

## Status of Girls Toilets as on 05-12-2023 (Secondary)

| S.No. | District | No. of Schools (Grant received) | No. of Schools work started | No. of Schools pending |
|---|---|---|---|---|
| 1 | AMRITSAR | 3 | 0 | 3 |
| 2 | BARNALA | 8 | 1 | 7 |
| 3 | BATHINDA | 69 | 13 | 56 |
| 4 | FATEHGARH SAHIB | 6 | 2 | 4 |
| 5 | FAZILKA | 42 | 0 | 42 |
| 6 | FIROZPUR | 16 | 5 | 11 |
| 7 | JALANDHAR | 34 | 3 | 31 |
| 8 | KAPURTHALA | 19 | 17 | 2 |
| 9 | LUDHIANA | 20 | 14 | 6 |
| 10 | MALERKOTLA | 5 | 3 | 2 |
| 11 | MANSA | 37 | 1 | 36 |
| 12 | MOGA | 7 | 6 | 1 |
| 13 | MOHALI | 24 | 16 | 8 |
| 14 | MUKTSAR | 17 | 14 | 3 |
| 15 | NAWANSHAHR | 8 | 7 | 1 |
| 16 | PATHANKOT | 10 | 0 | 10 |
| 17 | PATIALA | 51 | 15 | 36 |
| 18 | RUPNAGAR | 3 | 2 | 1 |
| 19 | SANGRUR | 29 | 8 | 21 |
| 20 | TARAN TARAN | 46 | 0 | 46 |
| | **Grand Total** | **454** | **127** | **327** |

ਰਾਸ਼ੀ ਪ੍ਰਾਪਤ ਹੋ ਗਈ ਹੈ ਅਤੇ ਕੇਵਲ 127 ਸਕੂਲਾਂ ਵਿਚ ਹੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ 327 ਸਕੂਲਾਂ ਦੇ ਉਸਾਰੀ ਕੰਮ ਅਜੇ ਸ਼ੁਰੂ ਨਹੀਂ ਹੋਇਆ ਹੈ। ਇਸੇ ਡਾਟੇ ਤੋਂ ਇਹ ਵੀ ਪਤਾ ਚਲਦਾ ਹੈ ਕਿ ਜਿਲ੍ਹਾ ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਜਲੰਧਰ, ਤਰਨ ਤਾਰਨ ਦੇ ਪ੍ਰਾਇਮਰੀ ਸਕੂਲਾਂ ਅਤੇ ਜ਼ਿਲ੍ਹਾ ਅੰਮ੍ਰਿਤਸਰ, ਫਾਜਿਲਕਾ, ਮਾਨਸਾ, ਪਠਾਨਕੋਟ, ਤਰਨ ਤਾਰਨ ਦੇ ਸੈਕੰਡਰੀ ਸਕੂਲਾਂ ਵਿਚ ਅਜੇ ਤੱਕ ਕੋਈ ਵੀ ਉਸਾਰੀ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ ਹੈ।

**4.0** ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ **ਇਸ ਪ੍ਰਗਤੀ ਦਾ Review ਮਿਤੀ 13.12.2023 ਨੂੰ ਹੋ ਰਹੀ ਸਮੂਹ** ਜ਼ਿਲ੍ਹਾ ਸਿੱਖਿਆ ਅਫ਼ਸਰਾਂ ਦੀ ਮੀਟਿੰਗ ਵਿਚ ਮਾਣਯੋਗ ਸਕੱਤਰ, ਸਕੂਲ ਸਿੱਖਿਆ ਜੀ ਵਲੋਂ ਵੀ ਕੀਤਾ ਜਾਣਾ ਹੈ।

**5.0** ਆਪ ਨੂੰ ਲਿੱਖਿਆ ਜਾਂਦਾ ਹੈ ਕਿ ਨਾਲ ਨੱਥੀ ਡਾਟੇ ਅਨੁਸਾਰ ਲੜਕੀਆਂ ਦੇ ਟੁਆਇਲਟਜ਼ ਦੀ ਉਸਾਰੀ ਦੇ ਕੰਮ ਨੂੰ ਪਰਮ ਅਗੇਤ ਦਿੱਤੀ ਜਾਵੇ ਅਤੇ ਇਹ ਕੰਮ ਤੇਜ਼ੀ ਨਾਲ ਨਿਪਟਾਉਂਦੇ ਹੋਏ ਇਸ ਦਫ਼ਤਰ ਨੂੰ ਭੇਜਿਆ ਜਾਵੇ। ਇਸ ਕੰਮ ਵਿੱਚ ਕੀਤੀ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਦੀ ਜ਼ਿਮੇਵਾਰੀ ਆਪ ਜੀ ਦੀ ਹੋਵੇਗੀ।

05/12/2023

**ਸਹਾਇਕ ਡਾਇਰੈਕਟਰ (ਈ. ਐਂਡ ਆਈ.),**
**ਪੰਜਾਬ।**

**ਮੀਮੋ ਨੰ: -** ਸਮਗਰਾ/ਸਿਵਲ ਵਰਕਸ/156885/2023/ **ਮਿਤੀ: -**

ਉਪਰੋਕਤ ਦਾ ਇੱਕ ਉਤਾਰਾ ਹੇਠ ਲਿੱਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ: -

1) ਨਿੱਜੀ ਸਹਾਇਕ, ਸਕੱਤਰ ਸਕੂਲ ਸਿੱਖਿਆ, ਪੰਜਾਬ।
2) ਨਿੱਜੀ ਸਹਾਇਕ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3) ਨਿੱਜੀ ਸਹਾਇਕ, ਡੀ.ਐਸ.ਈ (ਸੈ.ਸਿ ਅਤੇ ਐ.ਸਿ), ਪੰਜਾਬ।

05/12/2023

**ਸਹਾਇਕ ਡਾਇਰੈਕਟਰ (ਈ. ਐਂਡ ਆਈ.),**
**ਪੰਜਾਬ।**

<u>ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਜਲੰਧਰ।</u>

<u>ਈ-ਮੇਲ ਆਈ.ਡੀ. deose.jalandhar@punjabeducation.gov.in</u>

ਪਿੱਠ ਅੰਕਣ ਨੰ.ਜੀ-2/2023/ 32585 ਮਿਤੀ ਜਲੰਧਰ:-11.12.2023

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਲੜਕੀਆਂ ਦੇ ਟੁਆਲਿਟ ਦੀ ਗ੍ਰਾਂਟ ਖ਼ਰਚ ਕੇ ਵਰਤੋ ਸਰਟੀਫਿਕੇਟ ਤੁਰੰਤ ਆਪਣੇ ਬਲਾਕ ਦਫਤਰ ਵਿੱਚ ਜਮਾਂ ਕਰਵਾਇਆ ਜਾਵੇ।

11/12/23

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਜਲੰਧਰ।